# 7

## ਸਵਾਲ:

# ''ਭਲਾ ਮੌਤ ਦੇ ਬਾਅਦ ਜ਼ਿੰਦਗੀ ਹੈ?''

## ਜਵਾਬ:

ਅਸੀਂ ਸਭ ਜਾਣਦੇ ਹਾਂ ਕਿ ਇਕ ਦਿਨ ਅਸਾਂ ਮਰਨਾ ਹੀ ਹੈ। ਸਵਾਲ ਇਹ ਹੈ ਕਿ ਉਹਦੇ ਬਾਅਦ ਕੀ ਹੋਵੇਗਾ? ਜਾਂ ਜਿਵੇਂ ਅੱਯੂਬ ਨੇ ਪੁੱਛਿਆ ਸੀ, ''ਜੇ ਪੁਰਖ ਮਰ ਜਾਵੇ ਤਾਂ ਉਹ ਫੇਰ ਜੀਵੇਗਾ?...'' (ਅੱਯੂਬ 14:14)। ਤਕਰੀਬਨ 80 ਦੀ ਉਮਰ ਪਾਰ ਕਰ ਚੁੱਕੇ ਇਕ ਬੰਦੇ ਨੇ ਮੇਰੇ ਇਕ ਦੋਸਤ ਨੂੰ ਦੱਸਿਆ ਕਿ ਉਹ ਤਾਂ ਬਸ ਤਿਆਰੀ ਵਿਚ ਹੀ ਹੈ। ਮੇਰੇ ਦੋਸਤ ਨੇ ਪੁੱਛਿਆ, ''ਪਰ ਕੀ ਤੁਹਾਨੂੰ ਪਤਾ ਹੈ ਕਿ ਫਿਰ ਤੁਸੀਂ ਕਿੱਥੇ ਜਾਓਗੇ?'' ਉਹਦਾ ਜਵਾਬ ਸੀ ਹਾਂ, ਪਤਾ ਹੈ। ਮੈਂ ਜਾਂ ਤਾਂ ਜ਼ਮੀਨ ਦੇ ਛੇ ਫੁੱਟ ਹੇਠਾਂ ਜਾਵਾਂਗਾ ਜਾਂ ਫਿਰ ਸਾੜ ਦਿੱਤਾ ਜਾਵਾਂਗਾ। ਭਲਾ ਉਸ ਦਾ ਜਵਾਬ ਸਹੀ ਸੀ? ਮੌਤ ਦੇ ਬਾਅਦ ਭਲਾ ਇਹੀ ਹੁੰਦਾ ਹੈ?

ਲੋਕ ਹਮੇਸ਼ਾ ਤੋਂ ਇਹ ਉਮੀਦ ਕਰਦੇ ਹਨ ਕਿ ਮੌਤ ਦੇ ਬਾਅਦ ਜ਼ਿੰਦਗੀ ਹੈ। ਉੱਨੀਵੀਂ ਸਦੀ ਦੇ ਇਕ ਮਸ਼ਹੂਰ ਨਾਸਤਿਕ ਰੌਬਰਟ ਇੰਗਰਸੋਲ ਨੂੰ ਵੀ ਉਮੀਦ ਸੀ ਕਿ ਮੌਤ ਦੇ ਬਾਅਦ ਵੀ ਜ਼ਿੰਦਗੀ ਬਣੀ ਰਹਿੰਦੀ ਹੈ। ਆਪਣੇ ਭਰਾ ਦੀ ਕਬਰ ਤੇ ਉਸਦੀ ਤਾਰੀਫ਼ ਵਿਚ ਉਸ ਨੇ ਲਿਖਿਆ। ਉਸ ਨੇ ਕਿਹਾ :

> ... ਮੌਤ ਦੀ ਰਾਤ ਵਿਚ ਉਮੀਦ ਇਕ ਤਾਰੇ ਨੂੰ ਵੇਖਦੀ ਹੈ ਅਤੇ ਸੁਣਨ ਵਾਲਾ ਪਿਆਰ ਕਿਸੇ ਖੰਭ ਦੇ ਸਰਸਰ ਦੀ ਅਵਾਜ਼ ਨੂੰ ਸੁਣ ਸਕਦਾ ਹੈ। ਇੱਥੇ ਜਿਹੜਾ ਸੌਂ ਰਿਹਾ ਹੈ, ਇਸ ਨੇ ਕੋਲ ਆ ਰਹੀ ਮੌਤ ਨੂੰ ਇਵੇਂ ਸਮਝਿਆ ਜਿਵੇਂ ਸਿਹਤ ਵਾਪਸ ਆ ਰਹੀ ਹੈ, ਆਖ਼ਰੀ ਸਾਹ ਇਸਨੇ ਇਹੀ ਕਹਿੰਦਿਆਂ ਲਏ ਹਨ ਕਿ ''ਹੁਣ ਮੈਂ ਠੀਕ ਹਾਂ।'' ਸ਼ੱਕਾਂ ਅਤੇ ਢੀਠਪੁਣੇ, ਹੰਝੂਆਂ ਅਤੇ ਖ਼ੌਫ਼ਾਂ ਦੇ ਬਾਵਜੂਦ, ਆਓ ਮੰਨ ਲਈਏ ਕਿ ਅਣਗਿਣਤ ਮੁੰਡਿਆਂ ਦੇ ਪਸੰਦੀਦਾ ਬੋਲ ਇਹੀ ਸਨ।[1]

ਇੰਗਰਸੋਲ ਸੁਰਗ ਵਿਚ ਯਕੀਨ ਰੱਖਣਾ ਚਾਹੁੰਦਾ ਸੀ। ਅਸੀਂ ਸਭ ਮੌਤ ਦੇ ਬਾਅਦ ਜ਼ਿੰਦਗੀ ਵਿਚ ਯਕੀਨ ਕਰਨਾ ਚਾਹੁੰਦੇ ਹਾਂ। ਪਰ ਕੀ ਅਸੀਂ ਯਕੀਨ ਕਰ ਪਾਉਂਦੇ ਹਾਂ?

ਬਾਈਬਲ ਬੜੀ ਸਪੱਸ਼ਟਤਾ ਨਾਲ ਇਸ ਸਵਾਲ ਦਾ ਜਵਾਬ ਦਿੰਦੀ ਹੈ। ਪਰ ਇਸ ਨਾਲ ਬਾਈਬਲ ਦੀ ਸਿੱਖਿਆ ਕਮਜ਼ੋਰ ਨਹੀਂ ਪੈਂਦੀ। ਮੌਤ ਦੇ ਬਾਅਦ ਤੁਹਾਡੇ ਨਾਲ ਵਾਪਰਣ ਵਾਲੀਆਂ ਗੱਲਾਂ ਬਾਰੇ ਬਾਈਬਲ ਹੋਰ ਕੀ ਦੱਸਦੀ ਹੈ?

ਇਸ ਸਵਾਲ ਦਾ ਜਵਾਬ ਹਰ ਮੁਮਕਿਨ ਸਪੱਸ਼ਟ ਬਣਾਉਣ ਲਈ ਆਓ ਜੋ ਬ੍ਰਾਊਨ ਨਾਂਅ ਦੇ ਕਾਲਪਨਿਕ ਪਾਤਰ ਦੀ ਜ਼ਿੰਦਗੀ ਅਤੇ ਮੌਤ ਅਤੇ ਮੌਤ ਦੇ ਬਾਅਦ ਦੀ ਕਹਾਣੀ ਦੱਸਦੇ ਹਾਂ। ਇਸ ਕਹਾਣੀ ਵਿਚ ਯਾਦ ਰੱਖੋ ਕਿ ਜੋ ਬ੍ਰਾਊਨ ਸਾਡੀ ਸਭ ਦੀ ਨੁਮਾਇੰਦਗੀ ਕਰਦਾ ਹੈ।

### ਜੋ ਬ੍ਰਾਊਨ ਦੀ ਜ਼ਿੰਦਗੀ

ਜ਼ਬੂਰ ਲਿਖਣ ਵਾਲਾ ਲਿਖਦਾ ਹੈ ''ਇਨਸਾਨ ਕੀ ਹੈ, ਜੋ ਤੂੰ ਉਸ ਨੂੰ ਚੇਤੇ ਵਿਚ ਲਿਆਵੇਂ?'' (ਜ਼ਬੂਰ 8:4)। ਜ਼ਿੰਦਗੀ ਦੀ ਗੱਲ ਕਰੀਏ ਤਾਂ ਜੋ ਬ੍ਰਾਊਨ ਕੀ ਹੈ?

ਉਸ ਵਿਚ ਆਤਮਾ ਹੈ ਅਤੇ ਉਹ ਆਤਮਾ ਅਸਲ ਵਿਚ ਜੋ ਬ੍ਰਾਊਨ ਜਾਂ ਕਿਸੇ ਵੀ ਇਨਸਾਨ ਲਈ ਇਕ ਬੁਨਿਆਦੀ ਤੱਥ ਹੈ। ਆਖ਼ਰ ਉਸ ਨੂੰ ਖ਼ੁਦਾ ਦੇ ਸਰੂਪ ਤੇ ਬਣਾਇਆ ਗਿਆ ਸੀ ਅਤੇ ਖ਼ੁਦਾ ਆਤਮਾ ਹੈ (ਯੂਹੰਨਾ 4:24)। ਇਸ ਕਰਕੇ ਮਨੁੱਖ ਸਿਰਫ਼ ਦੇਹ ਹੀ ਨਹੀਂ ਬਲਕਿ ਇਸ ਨਾਲੋਂ ਵੱਧ ਹੈ ਭਾਵ ਸਭ ਤੋਂ ਵਧ ਕੇ ਇਹ ਕਿ ਉਹ ਇਕ ਰੂਹਾਨੀ ਜੀਵ ਹੈ। ਪੌਲੁਸ ਮਨੁੱਖ ਦੇ ''ਅੰਦਰਲੀ ਇਨਸਾਨੀਅਤ'' ਅਤੇ ''ਬਾਹਰਲੀ ਇਨਸਾਨੀਅਤ'' ਦੋਹਾਂ ਤੋਂ ਬਣੇ ਹੋਣ ਦੀ ਗੱਲ ਕਰਦਾ ਹੈ (2 ਕੁਰਿੰਥੀਆਂ 4:16; ਤੁਲਨਾ ਉਪਦੇਸ਼ਕ ਦੀ ਪੋਥੀ 12:7)।

ਉਸ ਦੀ ਇਕ ਸਰੀਰਕ ਦੇਹ ਵੀ ਹੈ। ਪੌਲੁਸ ਨੇ ਲਿਖਿਆ, ''ਸੋ ਭਰਾਵੋ, ਮੈਂ ਪਰਮੇਸ਼ੁਰ ਦੀਆਂ ਰਹਿਮਤਾਂ ਦੀ ਖਾਤਰ ਤੁਹਾਡੇ ਅੱਗੇ ਬੇਨਤੀ ਕਰਦਾ ਹਾਂ ਭਈ ਤੁਸੀਂ ਆਪਣੀਆਂ ਦੇਹੀਆਂ ਨੂੰ ਜੀਉਂਦਾ ਅਤੇ ਪਵਿੱਤਰ ਅਤੇ ਪਰਮੇਸ਼ੁਰ ਨੂੰ ਭਾਉਂਦਾ ਬਲੀਦਾਨ ਕਰਕੇ ਚੜ੍ਹਾਵੋ ...'' (ਰੋਮੀਆਂ 12:1)। ਇੱਥੇ ਉਹ ''ਤੁਹਾਡੇ'' ਅਤੇ ''ਤੁਹਾਡੀ ਦੇਹ'' ਵਿਚ ਫ਼ਰਕ ਕਰਦਾ ਹੈ। ਪੌਲੁਸ ਮਸੀਹੀ ਲੋਕਾਂ ਦਾ ਸਤ ਉਨ੍ਹਾਂ ਦੇ ਸਰੀਰਾਂ ਵਿਚ ਨਹੀਂ ਪਾਇਆ ਜਾਂਦਾ ਸੀ: ਉਨ੍ਹਾਂ ਦਾ ਆਪਣੇ ਸਰੀਰਾਂ ਉੱਤੇ ਵੱਸ ਸੀ, ਪਰ ''ਉਹ'' ਆਪਣੇ ਸਰੀਰ ਵਾਂਗ ਨਹੀਂ ਸਨ।

ਉਸ ਦੀ ਇਕ ਸ਼ਖ਼ਸੀਅਤ ਵੀ ਹੈ। ਅਸੀਂ ''ਸ਼ਖ਼ਸੀਅਤ'' ਸ਼ਬਦ ਦੀ ਵਰਤੋਂ ਮਨੁੱਖ ਦੀ ਦਿਮਾਗੀ ਅਤੇ (ਉਸ ਦੀ ਜਿਸਮਾਨੀ ਬਣਤਰ ਦੇ ਵਿਰੁੱਧ) ਬਣਤਰ ਦੀ ਪੂਰਣਤਾ ਵਿਚ ਨਹੀਂ ਕਰ ਰਹੇ। ਜੋ ਬ੍ਰਾਊਨ ਜਾਂ ਤਾਂ ਰਲ ਮਿਲ ਕੇ ਰਹਿਣ ਵਾਲਾ ਹੈ ਜਾਂ ਚਿੜਚਿੜਾ, ਰਹਿਮ ਦਿਲ ਜਾਂ ਸਖ਼ਤ, ਹਲੀਮ ਜਾਂ ਆਕੜੂ। ਉਸ ਦੇ ਅਨੁਭਵਾਂ, ਆਦਤਾਂ ਅਤੇ ਖੂਬੀਆਂ ਤੋਂ ਪਤਾ ਲਗਦਾ ਹੈ ਕਿ ਉਹ ਕਿਹੋ ਜਿਹਾ ਆਦਮੀ ਹੈ। ਉਸ ਦੀਆਂ ਖੂਬੀਆਂ ਨੂੰ ਜਾਣੇ ਬਗੈਰ ਉਸ ਨੂੰ ਪਛਾਣਨਾ ਸੰਭਵ ਨਹੀਂ ਹੈ।

ਜੋ ਬ੍ਰਾਊਨ ਨੂੰ ਜਦ ਤਕ ਉਹ ਜ਼ਿੰਦਾ ਹੈ ਖ਼ੁਦਾ ਅਤੇ ਆਪਣੇ ਸਾਥੀਆਂ ਦੀ ਜਿੰਮੇਵਾਰੀ ਮਿਲੀ। ਭਲਾ ਉਹ ਇਹ ਸੇਵਾ ਕਰਦਾ ਹੈ? ਇਸ ਦਾ ਪੱਕਾ ਪਤਾ ਤਾਂ ਸਿਰਫ਼ ਉਸ ਨੂੰ ਅਤੇ ਖ਼ੁਦਾ ਨੂੰ ਹੀ ਹੈ।

## ਜੋ ਬ੍ਰਾਊਨ ਮੌਤ ਵੇਲੇ

ਮਰਨ ਵੇਲੇ ਜੋ ਬ੍ਰਾਊਨ ਨਾਲ ਕੀ ਹੋਇਆ। ਮੌਤ ਤੋਂ ਭਾਵ ਅੱਡ ਹੋਣਾ ਹੈ। ਯਾਕੂਬ 2:26 ਕਹਿੰਦਾ ਹੈ, ''ਆਤਮਾ ਬਾਝੋਂ ਦੇਹ ਮੁਰਦਾ ਹੈ।'' ਜਦ ਆਤਮਾ ਦੇਹ ਤੋਂ ਅੱਡ ਹੋਣ ਲਈ ਦੇਹ ਨੂੰ ਛੱਡ ਦਿੰਦੀ ਹੈ ਤਾਂ ਮੌਤ ਹੁੰਦੀ ਹੈ। ਮੌਤ ਨੂੰ ਕੱਪੜੇ ਬਦਲਣ ਭਾਵ ''ਸੁਰਗੀ ਘਰ ਨੂੰ ਪਹਿਨਣ'' ਲਈ ''ਧਰਤੀ ਉਤਲੇ ਘਰ'' ਨੂੰ ਲਾਹੁਣ ਦੇ ਰੂਪ ਵਿਚ ਵਿਖਾਇਆ ਜਾਂਦਾ ਹੈ (2 ਕੁਰਿੰਥੀਆਂ 5:1, 2; ਤੁਲਨਾ ਆਇਤਾਂ 4, 8)।

ਤੁਹਾਡਾ ਹੱਥ ਕੱਟੇ ਜਾਣ ਤੇ ਤੁਸੀਂ ਉਹੀ ਰਹਿੰਦੇ ਹੋ ਤਾਂ ਤੁਹਾਡੀਆਂ ਦੋਵੇਂ ਬਾਹਾਂ ਅਤੇ ਦੋਵੇਂ ਲੱਤਾਂ ਕੱਟੀਆਂ ਜਾਣ ਤੇ ਵੀ ਤੁਸੀਂ ਉਹੀ ਰਹੋਗੇ। ਫਿਰ ਮੌਤ ਨੂੰ ਆਪਣੇ ਹੱਥ ਅਤੇ ਲੱਤਾਂ ਦੇ ਕੱਟਣ ਦੇ ਰੂਪ ਵਿਚ ਨਹੀਂ ਬਲਕਿ ਪੂਰੀ ਦੇਹ ਦੇ ਕੱਟਣ ਦੇ ਰੂਪ ਵਿਚ ਵੇਖੋ। ਜਿਵੇਂ ਇਕ ਹੱਥ ਕੱਟੇ ਜਾਣ ਤੇ ''ਤੁਹਾਡੇ'' ਅੰਦਰ ਹੋਣ ਵਾਲਾ ਸ਼ਖ਼ਸ ਉਹੀ ਰਹਿੰਦਾ ਹੈ, ਉਵੇਂ ਹੀ ਸਰੀਰ ਦੇ ਨਹੀਂ ਰਹਿਣ ਤੇ ''ਤੁਹਾਡਾ'' ਸ਼ਖ਼ਸ ਉਹੀ ਰਹਿੰਦਾ ਹੈ। ਇਸੇ ਤਰ੍ਹਾਂ ਮੌਤ ਵੇਲੇ ਜੋ ਬ੍ਰਾਊਨ ਆਪਣੀ ਦੇਹ ਨੂੰ ''ਉਤਾਰ ਦਿੰਦਾ'' ਹੈ ਪਰ ਉਸ ਦਾ ਵਜੂਦ ਖ਼ਤਮ ਨਹੀਂ ਹੁੰਦਾ।

## ਜੋ ਬ੍ਰਾਊਨ ਪਤਾਲ ਵਿਚ

ਮੌਤ ਦੇ ਫ਼ੌਰਨ ਬਾਅਦ ਜੋ ਬ੍ਰਾਊਨ ਨਾਲ ਕੀ ਹੁੰਦਾ ਹੈ? ਅਮੀਰ ਆਦਮੀ ਅਤੇ ਲਾਜ਼ਰ ਦੀ ਕਹਾਣੀ ਵਿਚ, ਅਮੀਰ ਆਦਮੀ ''ਨਿੱਤ ਭੋਗ ਵਿਲਾਸ ਕਰਦਾ ਅਤੇ ਸ਼ਾਨ ਨਾਲ ਰਹਿੰਦਾ'' ਜਦਕਿ ਲਾਜ਼ਰ ਭੁੱਖਾ ਬੀਮਾਰ ਅਤੇ ਲਾਚਾਰ ਸੀ। ਲੂਕਾ 16:22–31 ਕਹਿੰਦਾ ਹੈ:

ਅਤੇ ਇਉਂ ਹੋਇਆ ਜੋ ਉਹ ਕੰਗਾਲ ਮਰ ਗਿਆ ਅਰ ਦੂਤਾਂ ਨੇ ਉਸ ਨੂੰ ਅਬਰਾਹਾਮ ਦੀ ਗੋਦ ਵਿਚ ਲੈ ਜਾ ਰੱਖਿਆ, ਅਤੇ ਉਹ ਧਨਵਾਨ ਵੀ ਮਰਿਆ ਅਤੇ ਦੱਬਿਆ ਗਿਆ। ਅਰ ਪਤਾਲ ਵਿਚ ਦੁਖੀ ਹੋ ਕੇ ਉਸ ਨੇ ਆਪਣੀਆਂ ਅੱਖੀਆਂ ਚੁੱਕੀਆਂ ਅਤੇ ਦੂਰੋਂ ਅਬਰਾਹਾਮ ਨੂੰ ਅਰ ਉਹ ਦੀ ਗੋਦ ਵਿਚ ਲਾਜ਼ਰ ਨੂੰ ਡਿੱਠਾ। ਤਾਂ ਉਸ ਨੇ ਅਵਾਜ਼ ਮਾਰ ਕੇ ਕਿਹਾ, ਹੇ ਪਿਤਾ ਅਬਰਾਹਾਮ ਮੇਰੇ ਉੱਤੇ ਦਯਾ ਕਰ ਅਤੇ ਲਾਜ਼ਰ ਨੂੰ ਘੱਲ ਜੋ ਆਪਣੀ ਉਂਗਲ ਦਾ ਪੋਟਾ ਪਾਣੀ ਵਿਚ ਡੁਬੋ ਕੇ ਮੇਰੀ ਜੀਭ ਠੰਢੀ ਕਰੇ ਕਿਉਂ ਜੋ ਮੈਂ ਇਸ ਲੰਬ ਵਿਚ ਕਲਪਦਾ ਹਾਂ! ਪਰ ਅਬਰਾਹਾਮ ਬੋਲਿਆ, ਬੱਚਾ ਯਾਦ ਕਰ ਜੋ ਤੂੰ ਆਪਣੇ ਜੀਉਂਦੇ ਜੀ ਆਪਣੀਆਂ ਚੰਗੀਆਂ ਚੀਜ਼ਾਂ ਪਾ ਚੁੱਕਾ ਅਰ ਇਸੇ ਤਰ੍ਹਾਂ ਲਾਜ਼ਰ ਮੰਦੀਆਂ ਚੀਜ਼ਾਂ ਪਰ ਹੁਣ ਉਹ ਐੱਥੇ ਸ਼ਾਂਤ ਪਾਉਂਦਾ ਅਤੇ ਤੂੰ ਕਲਪਦਾ ਹੈਂ। ਅਰ ਇਸ ਤੋਂ ਬਾਝ ਸਾਡੇ ਅਤੇ ਤੁਹਾਡੇ ਵਿਚ ਇਕ ਵਡੀ ਖੱਡ ਪਈ ਹੈ ਤਾਂ ਜੋ ਓਹ ਜਿਹੜੇ ਐਥੋਂ ਤੁਹਾਡੇ ਕੋਲ ਪਾਰ ਲੰਘਣਾ ਸਾਡੇ ਕੋਲ ਏਸ ਪਾਸੇ ਆਉਣ। ਤਾਂ ਉਸ ਆਖਿਆ, ਹੇ ਪਿਤਾ ਦਰ ਮੈਂ ਤੇਰੀ ਮਿੰਨਤ ਕਰਦਾ ਹਾਂ ਜੋ ਤੂੰ ਉਹ ਨੂੰ ਮੇਰੇ ਪਿਉ ਦੇ ਘਰ ਭੇਜ। ਕਿਉਂਕਿ ਮੇਰੇ ਪੰਜ ਭਰਾ ਹਨ ਤਾਂ ਜੋ ਉਨ੍ਹਾਂ ਦੇ ਅੱਗੇ ਸਾਖੀ ਦੇਵੇ ਭਈ ਕਿਤੇ ਓਹ ਭੀ ਇਸ ਕਸ਼ਟ ਦੇ ਥਾਂ ਵਿਚ ਨਾ ਆਉਣ। ਪਰ ਅਬਰਾਹਾਮ ਨੇ ਆਖਿਆ ਕਿ ਉਨ੍ਹਾਂ ਕੋਲ ਮੂਸਾ ਅਤੇ ਨਕੀ ਹਨ, ਓਹ ਉਨ੍ਹਾਂ ਦੀ ਸੁਣਨ। ਪਰ ਓਸ ਆਖਿਆ, ਨਾ ਜੀ ਹੇ ਪਿਤਾ ਅਬਰਾਹਾਮ ਪਰ ਜੇ ਕੋਈ ਮੁਰਦਿਆਂ ਵਿੱਚੋਂ ਉਨ੍ਹਾਂ ਦੇ ਕੋਲ ਜਾਵੇ ਤਾਂ ਓਹ ਤੌਬਾ ਕਰਨਗੇ। ਪਰ ਉਹ ਨੇ ਉਸ ਨੂੰ ਕਿਹਾ, ਜੇ ਮੂਸਾ ਅਤੇ ਨਕੀਆਂ ਦੀ ਨਾ ਸੁਣਨ ਤਾਂ ਭਾਵੇਂ ਮੁਰਦਿਆਂ ਵਿੱਚੋਂ ਭੀ ਕੋਈ ਜੀ ਉੱਠੇ ਪਰ ਓਹ ਨਾ ਮੰਨਣਗੇ।

ਪਹਿਲਾਂ ਤਾਂ ਸਾਨੂੰ ਇਸ ਤੋਂ ਇਹ ਪਤਾ ਲਗ ਸਕਦਾ ਹੈ ਕਿ ਮੌਤ ਦੇ ਬਾਅਦ ਆਦਮੀ ਕਿਹੋ ਜਿਹਾ ਹੁੰਦਾ ਹੈ।

ਉਹ ਅਜੇ ਵੀ ਆਤਮਾ ਹੀ ਹੈ। ਲਾਜ਼ਰ ਅਤੇ ਅਮੀਰ ਆਦਮੀ ਨੇ ਆਪੋ ਆਪਣੀਆਂ ਦੇਹਾਂ ਤਿਆਗ ਦਿੱਤੀਆਂ ਸਨ ਪਰ ਰੂਹਾਨੀ ਤੌਰ ਤੇ ਅਜੇ ਵੀ ਉਨ੍ਹਾਂ ਦਾ ਵਜੂਦ ਸੀ।

ਮੌਤ ਦੇ ਬਾਅਦ ਆਦਮੀ ਕੋਲ ਇਕ ਰੂਹਾਨੀ ਦੇਹ ਹੁੰਦੀ ਹੈ ਜਾਂ ਉਸ ਨੂੰ ਦਿੱਤੀ ਜਾਂਦੀ ਹੈ। ਪੌਲੁਸ ਕਹਿੰਦਾ ਹੈ ਕਿ ਮੌਤ ਹੋਣ ਤੇ ਅਸੀਂ ਬਿਨਾ ਪਹਿਨੇ ਨਹੀਂ ਹੋਵਾਂਗੇ, ਕਿਉਂਕਿ ਸਾਨੂੰ ਪਹਿਨਣ ਲਈ ਇਕ ਸੁਰਗੀ ਲਿਬਾਸ ਮਿਲੇਗਾ (2 ਕੁਰਿੰਥੀਆਂ 5:2–4)। ਇਹ ਗੱਲ ਉਹ ''ਮੁਰਦੇ ਕਿੱਕੁਰ ਜੀ ਉੱਠਦੇ ਅਤੇ ਕਿਹੋ ਜਿਹੀ ਦੇਹੀ ਨਾਲ ਆਉਂਦੇ ਹਨ'' (1 ਕੁਰਿੰਥੀਆਂ 15:35) ਦੇ ਸਵਾਲਾਂ ਦਾ ਜਵਾਬ ਦਿੰਦਿਆਂ ਕਹਿੰਦਾ ਹੈ। ਉਹ ਲਿਖਦਾ ਹੈ, ''ਉਹ ਪ੍ਰਾਣਕ ਸਰੀਰ ਹੋ ਕੇ ਬੀਜਿਆ ਜਾਂਦਾ ਹੈ ਪਰ ਉਹ ਆਤਮਕ ਸਰੀਰ ਹੋ ਕੇ ਜੀ ਉੱਠਦਾ ਹੈ'' (1 ਕੁਰਿੰਥੀਆਂ 15:44)। ਸਾਨੂੰ ਰੂਹਾਨੀ ਦੇਹ ਦੀ ਲੋੜ ਨਹੀਂ ਪਵੇਗੀ? ਕਿਉਂਕਿ ''ਮਾਸ ਅਤੇ ਲਹੂ ਪਰਮੇਸ਼ੁਰ ਦੇ ਰਾਜ ਦੇ ਅਧਿਕਾਰੀ ਨਹੀਂ ਹੋ ਸਕਦੇ ...'' (1 ਕੁਰਿੰਥੀਆਂ 15:50)। ਇਸੇ ਤਰ੍ਹਾਂ ਜੋ ਲੋਕ ਮਸੀਹ ਦੇ ਆਉਣ ਤੇ ਜ਼ਿੰਦਾ ਹੋਣਗੇ ਉਹ ''ਸਭ ਬਦਲ ਜਾਣਗੇ'' (1 ਕੁਰਿੰਥੀਆਂ 15:51) ਕਿਉਂਕਿ ''ਜਰੂਰ ਹੈ ਕਿ ਨਾਸਵਾਨ ਅਵਿਨਾਸ ਨੂੰ ਉਦਾਲੇ ਪਾਵੇ ਅਤੇ ਇਹ ਮਰਨਹਾਰ ਅਮਰਤਾ ਨੂੰ ਉਦਾਲੇ ਪਾਵੇ''(1 ਕੁਰਿੰਥੀਆਂ 15:53)। ਇਸ ਕਰਕੇ ਸਾਡੇ ਵਿੱਚੋਂ ਹਰ ਕਿਸੇ ਨੂੰ ਜੋ ਵੀ ਮਰ ਜਾਂਦਾ ਹੈ ਇਕ ਰੂਹਾਨੀ ਦੇਹ ਮਿਲੇਗੀ।

ਮਰਨ ਦੇ ਬਾਅਦ ਬੰਦੇ ਦੀ ਸ਼ਖ਼ਸੀਅਤ ਪਹਿਲਾਂ ਵਾਲੀ ਹੀ ਹੁੰਦੀ ਹੈ। ਅਮੀਰ ਆਦਮੀ ਅਤੇ ਲਾਜ਼ਰ ਦੀ ਸ਼ਖ਼ਸੀਅਤ ਉਹੀ ਸੀ ਜੋ ਧਰਤੀ ਉੱਤੇ ਸੀ। ਮੌਤ ਦੇ ਬਾਅਦ ਆਦਮੀ ਹੱਵ੍ਹਾ ਜਾਂ ਅਸਪੱਸ਼ਟ ਆਤਮਾ ਨਹੀਂ ਬਣ ਜਾਦਾ। ਉਹ ਯਾਦ ਕਰ ਸਕਦਾ ਹੈ, ਉਸ ਦਾ ਅੰਤਹਕਰਣ ਹੁੰਦਾ ਹੈ, ਬਹਿਸ ਕਰਨ ਵਿਚ, ਮਹਿਸੂਸ ਕਰਨ ਵਿਚ ਅਤੇ ਹੋਣ ਦੀ ਕਾਬਲੀਅਤ ਵਿਚ ਵੀ। ਸਾਡੀ ਮੌਤ ਇਵੇਂ ਨਹੀਂ ਹੁੰਦੀ ਕਿ ਇਕ ਆਦਮੀ ਦੇ ਰੂਪ ਵਿਚ ਮਰੀਏ ਅਤੇ ਦੂਜੇ ਦੇ ਰੂਪ ਵਿਚ ਜੀ ਉੱਠੀਏ। ਮੌਤ ਦੇ ਬਾਅਦ, ਅਸੀਂ ਉਹੀ ਹੋਵਾਂਗੇ ਜੋ ਅੱਜ ਹਾਂ।

ਇਸ ਕਹਾਣੀ ਤੋਂ ਪਤਾ ਲਗਦਾ ਹੈ ਕਿ ਮੌਤ ਦੇ ਬਾਅਦ ਆਦਮੀ ਕਿੱਥੇ ਜਾਂਦਾ ਹੈ। ਇਹ ਨਿਆਂ ਦੇ ਬਾਅਦ ਕਿਸੇ ਵਕਤ ਦੀ ਗੱਲ ਨਹੀਂ ਹੈ, ਕਿਉਂਕਿ ਧਰਤੀ ਤੇ ਜ਼ਿੰਦਗੀ ਅਜੇ ਵੀ ਸੀ; ਅਮੀਰ ਆਦਮੀ ਦੇ ਪੰਜ ਭਰਾ ਅਜੇ ਵੀ ਜ਼ਿੰਦਾ ਸਨ। ਪਰ ਨਿਆਂ ਦੇ ਬਾਅਦ ਧਰਤੀ ਤੇ ਕੋਈ ਜ਼ਿੰਦਾ ਨਹੀਂ ਹੋਵੇਗਾ, ਕਿਉਂਕਿ ਮਸੀਹ ਦੇ ਆਉਣ ਤੇ ਧਰਤੀ ਸੜ ਜਾਵੇਗੀ (2 ਪਤਰਸ 3:10)। ਸਾਨੂੰ ਇਹ ਪਤਾ ਨਹੀਂ ਹੈ ਕਿ ਮੌਤ ਦੇ ਬਾਅਦ ਲੋਕ ਕਿੱਥੇ ਚਲੇ ਜਾਂਦੇ ਹਨ।

ਲਾਜ਼ਰ ਵਾਂਗ ਕੁਝ ਲੋਕ ਅਰਾਮ ਦੀ ਥਾਂ ਤੇ ਜਾਂਦੇ ਹਨ। ਇਸ ਨੂੰ ਸੁਰਗਲੋਕ ਆਖਿਆ ਜਾਂਦਾ ਹੈ, ਕਿਉਂਕਿ ਡਾਕੂ ਨੂੰ ਯਿਸੂ ਦੀ ਗੱਲ ਮੁਤਾਬਿਕ ਮੌਤ ਦੇ ਬਾਅਦ ਉਹ ਵੀ ਉੱਥੇ ਹੀ ਗਿਆ (ਲੂਕਾ 23:43)। ਪਰ ਸੁਰਗਲੋਕ ਪਤਾਲ ਦਾ ਇਕ ਹਿੱਸਾ ਹੋਣਾ ਚਾਹੀਦਾ ਹੈ, ਕਿਉਂਕਿ ਬਾਈਬਲ ਇਹ ਵੀ ਦੱਸਦੀ ਹੈ ਕਿ ਯਿਸੂ ਪਤਾਲ ਵਿਚ ਸੀ। ਪਤਰਸ ਨੇ ਕਿਹਾ ਕਿ ਦਾਊਦ ਨੇ ''ਅੱਗਿਓਂ ਵੇਖ ਕੇ ਮਸੀਹ ਦੇ ਜੀ ਉੱਠਣ ਦੀ ਗੱਲ ਕੀਤੀ ਕਿ ਨਾ ਉਹ ਪਤਾਲ ਵਿਚ ਛੱਡਿਆ ਗਿਆ ਅਤੇ ਨਾ ਉਸ ਦਾ ਸਰੀਰ ਗਲਿਆ'' (ਰਸੂਲਾਂ ਦੇ ਕੰਮ 2:31)।

ਅਮੀਰ ਆਦਮੀ ਵਾਂਗ ਹੀ ਉਹ ਲੋਕ ਵੀ ਤਕਲੀਫ਼ ਵਾਲੀ ਥਾਂ ਜਾਂਦੇ ਹਨ। ਅਮੀਰ ਆਦਮੀ ਦੇ ਪਤਾਲ ਵਿਚ ਹੋਣ ਬਾਰੇ ਦੱਸਿਆ ਗਿਆ ਸੀ: ''... ਉਹ ਧਨਵਾਨ ਵੀ ਮਰਿਆ ਅਤੇ ਦੱਬਿਆ ਗਿਆ। ਅਰ ਪਤਾਲ ਵਿਚ ਦੁਖੀ ਹੋ ਕੇ ਉਸ ਨੇ ਆਪਣੀਆਂ ਅੱਖੀਆਂ ਚੁੱਕੀਆਂ ...'' (ਲੂਕਾ 16:22, 23)।

ਅਰਾਮ ਅਤੇ ਤਕਲੀਫ਼ ਦੋਵੇਂ ਥਾਂ ਪਤਾਲ ਵਿਚ ਕਿਵੇਂ ਹੋ ਸਕਦੇ ਹਨ? ਪਤਾਲ ਮੁਰਦਿਆਂ ਦੀ ਥਾਂ ਹੈ ਜਿੱਥੇ ਸਭ ਮੁਰਦੇ ਜਾਂਦੇ ਹਨ ਭਾਵੇਂ ਉਹ ਧਰਮੀ ਹੋਣ ਜਾਂ ਕੁਧਰਮੀ। ਇਸ ਦੇ ਦੋ ਹਿੱਸੇ ਹੁੰਦੇ ਹਨ: ਅਰਾਮ ਦੀ ਥਾਂ ਅਤੇ ਤਕਲੀਫ਼ ਦੀ ਥਾਂ। ਜ਼ਾਹਿਰ ਹੈ ਕਿ 2 ਪਤਰਸ 2:4 ਵਿਚ ਪਤਰਸ ਉਸ ਤਕਲੀਫ਼ ਦੀ ਥਾਂ ਵਾਲੇ ਪਤਾਲ ਦੀ ਗੱਲ ਕਰ ਰਿਹਾ ਸੀ ਜਿਸ ਵਿਚ ਯੂਨਾਨੀ ਭਾਸ਼ਾ ਦਾ ਸ਼ਬਦ tartarus ਵਰਤਿਆ ਗਿਆ ਹੈ। ਇੱਥੇ ਹੀ ਹਰ ਯੁੱਗ ਦੇ ਦੁਸ਼ਟਾਂ ਨੂੰ ਸਜ਼ਾ ਦੀ ਉਡੀਕ ਲਈ ਰੱਖਿਆ ਜਾਂਦਾ ਹੋਵੇਗਾ।

ਹੇਡਿਸ ਜਾਂ ਪਤਾਲ ਵਿਚ ਸੁਰਗਲੋਕ ਅਤੇ ਟਾਰਟਰੁਸ ਵਿਚ ਰਹਿਣ ਵਾਲਿਆਂ ਵਿਚਕਾਰ ਇਕ ਵੱਡੀ ਖੱਡ ਹੈ। ਅਮੀਰ ਆਦਮੀ ਨੇ ਲਾਜ਼ਰ ਨੂੰ ''ਆਪਣੀ ਉਂਗਲ ਦਾ ਪੋਟਾ ਪਾਣੀ ਵਿਚ ਡੁਬੋ ਕੇ ਮੇਰੀ ਜੀਭ ਨੂੰ ਠੰਡੀ'' ਕਰਨ ਲਈ ਆਖਿਆ ਸੀ (ਲੂਕਾ 16:24)। ਅਬਰਾਹਾਮ ਨੇ ਕੁਝ ਜਵਾਬ ਦਿੱਤਾ, ''ਸਾਡੇ ਅਤੇ ਤੁਹਾਡੇ ਵਿਚ ਇਕ ਵਡੀ ਖੱਡ ਪਈ ਹੈ ਤਾਂ ਜੋ ਓਹ ਜਿਹੜੇ ਐਥੋਂ ਤੁਹਾਡੇ ਕੋਲ ਪਾਰ ਲੰਘਣਾ ਸਾਡੇ ਕੋਲ ਏਸ ਪਾਸੇ ਆਉਣ'' (ਲੂਕਾ 16:26)। ਉਸ ਖੱਡ ਨੂੰ ਕੋਈ ਪਾਰ ਨਹੀਂ ਕਰ ਸਕਦਾ। ਉਸ ਤਕਲੀਫ਼ ਵਾਲੀ ਥਾਂ ਵਿਚ ਆ ਜਾਣ ਦੇ ਬਾਅਦ ਉੱਥੇ ਹੀ ਰਹਿਣਾ ਪਵੇਗਾ।

ਮੌਤ ਦੇ ਫ਼ੌਰਨ ਬਾਅਦ ਜੋ ਬ੍ਰਾਊਨ ਕਿੱਥੇ ਜਾਵੇਗਾ? ਇਸ ਦਾ ਜਵਾਬ ਇਹ ਹੈ ਕਿ ਇਹ ਤਾਂ ਇਸ ਤੇ ਨਿਰਭਰ ਕਰਦਾ ਹੈ ਕਿ ਉਸ ਦੀ ਜ਼ਿੰਦਗੀ ਕਿਹੋ ਜਿਹੀ ਸੀ, ਜਿਵੇਂ ਲਾਜ਼ਰ ਅਤੇ ਅਮੀਰ ਆਦਮੀ ਦੀ ਜ਼ਿੰਦਗੀ ਸੀ।

ਧਿਆਨ ਦਿਓ ਕਿ ਭਾਵੇਂ ਲਾਜ਼ਰ ਦੀ ਜ਼ਿੰਦਗੀ ਦਾ ਵਿਰਤਾਂਤ ਇਹ ਸਾਬਤ ਕਰਦਾ ਹੈ ਕਿ ਇਸ ਦੁਨੀਆਂ ਵਿਚ ਐਸ਼ੋ ਆਰਾਮ ਵਾਲੀ ਜ਼ਿੰਦਗੀ ਦਾ ਮਤਲਬ ਇਹ ਨਹੀਂ ਹੈ ਕਿ ਅਗਲੀ ਜ਼ਿੰਦਗੀ ਵਿਚ ਵੀ ਇਹੀ ਹੋਵੇਗਾ। ਹੋ ਸਕਦਾ ਹੈ ਕਿ ਤੁਸੀਂ ਅੱਜ ਤਾਂ ਬੜੇ ਖੁਸ਼ਹਾਲ ਹੋਵੋ, ''ਨਿਤ ਭੋਗ ਵਿਲਾਸ ਕਰਦੇ ਅਤੇ ਸ਼ਾਨ ਨਾਲ ਰਹਿੰਦੇ ਹੋਵੋ''; ਪਰ ਖ਼ੁਦਾ ਲਈ ਆਪਣੀ ਜ਼ਿੰਮੇਵਾਰੀ ਤੋਂ ਮੁਕਰਣ ਕਰਕੇ ਹੋ ਸਕਦਾ ਹੈ ਕਿ ਮੌਤ ਦੇ ਫੌਰਨ ਬਾਅਦ ਉਸ ਅਮੀਰ ਆਦਮੀ ਵਾਂਗ ਤੁਸੀਂ ਵੀ ਆਪਣੇ ਆਪ ਨੂੰ ਉਸ ਖ਼ਤਰਨਾਕ ਤਕਲੀਫ਼ ਵਿਚ ਪਾਓ!

## ਮਸੀਹ ਦੀ ਦੂਜੀ ਆਮਦ ਵੇਲੇ ਜੋ ਬ੍ਰਾਊਨ

ਚੌਥਾ, ਮਸੀਹ ਦੀ ਦੂਜੀ ਆਮਦ ਵੇਲੇ ਜੋ ਬ੍ਰਾਊਨ ਬਾਰੇ ਵਿਚਾਰ ਕਰੋ। ਮਸੀਹ ਦੁਬਾਰਾ ਆ ਰਿਹਾ ਹੈ! ਉਸ ਦੇ ਉੱਪਰ ਉਠਾਏ ਜਾਣ ਦੇ ਥੋੜ੍ਹੀ ਦੇਰ ਬਾਅਦ ਹੀ ਇਕ ਫ਼ਰਿਸ਼ਤੇ ਨੇ ਆਖਿਆ ਸੀ, ''... ਇਹ ਯਿਸੂ ਜਿਹੜਾ ਤੁਹਾਡੇ ਕੋਲੋਂ ਅਕਾਸ਼ ਉੱਪਰ ਉਠਾ ਲਿਆ ਗਿਆ ਓਸੇ ਤਰਾਂ ਆਵੇਗਾ ਜਿਸ ਤਰ੍ਹਾਂ ਤੁਸਾਂ ਉਸ ਨੂੰ ਅਕਾਸ਼ ਉੱਤੇ ਜਾਂਦੇ ਵੇਖਿਆ'' (ਰਸੂਲਾਂ ਦੇ ਕੰਮ 1:11)। ਨਵੇਂ ਨੇਮ ਮੁਤਾਬਿਕ ਉਸ ਨੂੰ ਕਿਸੇ ਵੀ ਸਮੇਂ ਆਉਣ ਤੋਂ ਕੋਈ ਵੀ ਰੋਕ ਨਹੀਂ ਸਕਦਾ।

ਮਸੀਹ ਦੇ ਵਾਪਸ ਆਉਣ ਤੇ ਕੀ ਹੋਵੇਗਾ?

ਮਸੀਹ ਦੇ ਦੁਬਾਰਾ ਆਉਣ ਤੇ, ਜੋ ਬ੍ਰਾਊਨ ਅਤੇ ਉਹ ਸਭ ਜੋ ਮਰ ਗਏ ਹਨ, ਜੀ ਉੱਠਣਗੇ। ਯਿਸੂ ਨੇ ਆਖਿਆ, ''ਉਹ ਘੜੀ ਆਉਂਦੀ ਹੈ ਜਿਸ ਦੇ ਵਿਚ ਓਹ ਸਭ ਜਿਹੜੇ ਕਬਰਾਂ ਵਿਚ ਹਨ ਉਹ ਦੀ ਅਵਾਜ਼ ਸੁਣਨਗੇ ਅਤੇ ਨਿੱਕਲ ਆਉਣਗੇ। ਜਿਨ੍ਹਾਂ ਨੇ ਭਲਿਆਈ ਕੀਤੀ ਹੈ ਸੋ ਜੀਉਣ ਦੀ ਕਿਆਮਤ ਲਈ ਅਰ ਜਿਨ੍ਹਾਂ ਨੇ ਬੁਰਿਆਈ ਕੀਤੀ ਹੈ ਉਹ ਨਿਆਉਂ ਦੀ ਕਿਆਮਤ ਲਈ'' (ਯੂਹੰਨਾ 5:28, 29)। ਧਰਮੀ ਹੋਣ ਜਾਂ ਅਧਰਮੀ, ਸਭ ਜੀ ਉੱਠਣਗੇ ਅਤੇ ਇਹ ਸਭ ਇੱਕੋ ਵੇਲੇ ਹੋਵੇਗਾ।

ਮਸੀਹ ਦੇ ਦੁਬਾਰਾ ਆਉਣ ਤੇ, ਜੋ ਜ਼ਿੰਦਾ ਹੋਣਗੇ ਉਹ ਬਦਲ ਜਾਣਗੇ: ''ਵੇਖੋ, ਮੈਂ ਤੁਹਾਨੂੰ ਇਕ ਭੇਤ ਦੱਸਦਾ ਹਾਂ ਜੋ ਅਸੀਂ ਸੱਭੋ ਨਹੀਂ ਸੌਂਵਾਂਗੇ। ਪਰ ਸੱਭੋ ਛਿੰਨ ਭਰ ਵਿਚ ... ਹੋਰ ਦੇ ਹੋਰ ਹੋ ਜਾਵਾਂਗੇ। ਤੁਰ੍ਹੀ ਫੂਕੀ ਜਾਵੇਗੀ ਅਤੇ ਮੁਰਦੇ ਅਵਿਨਾਸ਼ੀ ਹੋ ਕੇ ਜੀ ਉੱਠਣਗੇ ਅਤੇ ਅਸੀਂ ਹੋਰ ਦੇ ਹੋਰ ਹੋ ਜਾਵਾਂਗੇ'' (1 ਕੁਰਿੰਥੀਆਂ 15:51–53)। ਜੀ ਉੱਠਣ ਦੇ ਬਾਅਦ ਵੀ, ਜੋ ਬ੍ਰਾਊਨ ਦੀ ਵੀ ਦੇਹ ਹੋਵੇਗੀ, ਪਰ ਇਹ ਵੱਖਰੀ ਤਰ੍ਹਾਂ ਦੀ ਦੇਹ ਹੋਵੇਗੀ। ਹੋਰ ਚੀਜ਼ਾਂ ਵਾਂਗ ਇਹ ਵੀ ਅਵਿਨਾਸ਼ੀ ਅਤੇ ਰੂਹਾਨੀ ਹੋਵਗੀ (1 ਕੁਰਿੰਥੀਆਂ 15:42–44)।

ਮਸੀਹ ਦੇ ਦੁਬਾਰਾ ਆਉਣ ਤੇ, ਇਹ ਸੰਸਾਰ ਨਸ਼ਟ ਹੋ ਜਾਵੇਗਾ।

> ਪਰੰਤੂ ਪ੍ਰਭੂ ਦਾ ਦਿਨ ਚੋਰ ਵਾਂਙੁ ਆਵੇਗਾ ਜਿਹ ਦੇ ਵਿਚ ਅਕਾਸ਼ ਸਰਨਾਟੇ ਨਾਲ ਜਾਂਦੇ ਰਹਿਣਗੇ ਅਤੇ ਮੂਲ ਵਸਤਾਂ ਵੱਡੇ ਤਾਉ ਨਾਲ ਤਪ ਕੇ ਢਲ ਜਾਣਗੀਆਂ ਅਤੇ ਧਰਤੀ ਉਨ੍ਹਾਂ ਕਾਰਾਗਰੀਆਂ ਸਣੇ ਜੋ ਉਸ ਵਿਚ ਹਨ ਜਲ ਬਲ ਜਾਵੇਗੀ (2 ਪਤਰਸ 3:10)।

ਇਸ ਦੁਨੀਆਂ ਸਣੇ, ਦੁਨੀਆਂ ਦੀ ਹਰ ਚੀਜ਼, ਇੱਥੋਂ ਤਕ ਕਿ ਇਹ ਕਾਇਨਾਤ ਵੀ ਜਿਸ ਵਿਚ ਇਹ ਦੁਨੀਆਂ ਅਤੇ ਉਹ ਸਭ ਦੁਨਿਆਵੀ ਚੀਜ਼ਾਂ ਹਨ ਜਿਨ੍ਹਾਂ ਲਈ ਲੋਕ ਜੀਉਂਦੇ ਹਨ, ਮਸੀਹ ਦੇ ਆਉਣ ਤੇ ਸੜ ਜਾਣਗੇ! ਤਾਂ ਫਿਰ ਸਾਨੂੰ ਕਿਹੋ ਜਿਹੇ ਲੋਕ ਬਣਨਾ ਚਾਹੀਦਾ ਹੈ (2 ਪਤਰਸ 3:11)। ਯਕੀਨਨ ਸਾਨੂੰ ਅਜਿਹੇ ਲੋਕ ਨਹੀਂ ਬਣਨਾ ਚਾਹੀਦਾ ਜੋ ਦੁਨਿਆਵੀ ਚੀਜ਼ਾਂ ਵਾਸਤੇ ਹੀ ਜੀਉਂਦੇ ਹੋਣ!

## ਕਿਆਮਤ ਵੇਲੇ ਜੋ ਬ੍ਰਾਊਨ

ਪੰਜਵਾਂ, ਨਿਆਂ ਵੇਲੇ ਜੋ ਬ੍ਰਾਊਨ ਦੀ ਸਥਿਤੀ ਤੇ ਵਿਚਾਰ ਕਰੋ।

ਮਸੀਹ ਦੇ ਦੁਬਾਰਾ ਆਉਣ ਤੇ ਇਕ ਹੋਰ ਗੱਲ ਹੋਵੇਗੀ। ਉਸ ਵੇਲੇ ਕਿਆਮਤ ਵੀ ਹੋਵੇਗੀ:

> ਜਦ ਮਨੁੱਖ ਦਾ ਪੁੱਤਰ ਆਪਣੇ ਤੇਜ ਨਾਲ ਸਾਰੇ ਦੂਤਾਂ ਸਣੇ ਆਵੇਗਾ ਤਦ ਉਹ ਆਪਣੇ ਤੇਜ ਦੇ ਸਿੰਘਾਸਣ ਉੱਤੇ ਬੈਠੇਗਾ। ਅਰ ਸਭ ਕੌਮਾਂ ਉਹ ਦੇ ਅੱਗੇ ਇਕੱਠੀਆਂ ਕੀਤੀਆਂ ਜਾਣਗੀਆਂ ਅਰ ਜਿਸ ਤਰ੍ਹਾਂ ਅਯਾਲੀ ਭੇਡਾਂ ਨੂੰ ਬੱਕਰੀਆਂ ਵਿੱਚੋਂ ਵੱਖਰਿਆਂ ਕਰਦਾ ਹੈ ਓਸੇ ਤਰ੍ਹਾਂ ਉਹ ਉਨ੍ਹਾਂ ਨੂੰ ਇਕ ਦੂਏ ਤੋਂ ਵੱਖਰਾ ਕਰੇਗਾ (ਮੱਤੀ 25:31, 32)।

ਕਿਆਮਤ ਬਾਰੇ ਕਈ ਸਵਾਲਾਂ ਦਾ ਜਵਾਬ ਦਿੱਤੇ ਜਾਣ ਦੀ ਲੋੜ ਹੈ:

ਕਿਆਮਤ ਜਾਂ ਨਿਆਂ ਕਿਸ ਦਾ ਹੋਵੇਗਾ? ਹਰ ਕਿਸੇ ਦਾ! ਯੂਹੰਨਾ ਨੇ ਆਖਿਆ, ''... ਹਰੇਕ ਦਾ ਨਿਆਉਂ ਉਹ ਦੀਆਂ ਦੇ ਕਰਨੀਆਂ ਅਨੁਸਾਰ ਕੀਤਾ ਗਿਆ'' (ਪ੍ਰਕਾਸ਼ ਦੀ ਪੋਥੀ 20:13; ਤੁਲਨਾ ਰੋਮੀਆਂ 14:10–12)। ਸਾਨੂੰ ਚੰਗਾ ਲੱਗੇ ਜਾਂ ਨਾ, ਅਸੀਂ ਉਹਦੇ ਲਈ ਤਿਆਰ ਹੋਈਏ ਜਾਂ ਪਰ ਨਿਆਂ ਤਾਂ ਸਭ ਦਾ ਹੋਵੇਗਾ! ਇਹ ਇਕ ਗੱਲ ਹੈ ਜੋ ਸਾਡੇ ਸਾਰਿਆਂ ਲਈ ਹੋਵੇਗੀ (ਇਬਰਾਨੀਆਂ 9:27)।

ਨਿਆਂ ਕੌਣ ਕਰੇਗਾ? ਖ਼ੁਦਾ ''ਕਿਉਂ ਜੋ ਉਸ ਨੇ ਇਕ ਦਿਨ ਠਹਿਰਾ ਛੱਡਿਆ ਹੈ ਜਿਹ ਦੇ ਵਿਚ ਉਹ ਸਚਿਆਈ ਨਾਲ ਸੰਸਾਰ ਦਾ ਨਿਆਉਂ ਕਰੇਗਾ ਓਸ ਮਨੁੱਖ ਦੇ ਰਾਹੀਂ ਜਿਹ ਨੂੰ ਉਸ ਨੇ ਠਹਿਰਾਇਆ ਅਤੇ ਉਹ ਨੂੰ ਮੁਦਿਆਂ ਵਿੱਚੋਂ ਜਿਵਾਲ ਕੇ ਇਹ ਗੱਲ ਸਭਨਾਂ ਉੱਤੇ ਸਾਬਤ ਕਰ ਦਿੱਤੀ ਹੈ'' (ਰਸੂਲਾਂ ਦੇ ਕੰਮ 17:31)।

ਨਿਆਂ ਕਿਸ ਅਧਾਰ ਤੇ ਹੋਵੇਗਾ। ਸਾਡਾ ਬਚਾਇਆ ਜਾਣਾ ਜਾਂ ਨਾਸ ਹੋਣਾ ਇਸ ਤੇ ਅਧਾਰਿਤ ਹੋਵੇਗਾ ਕਿ ਅਸੀਂ ਮਸੀਹ ਦੇ ਲਹੂ ਵਿਚ ਧੋਤੇ ਗਏ ਹਾਂ ਜਾਂ ਨਹੀਂ (ਪ੍ਰਕਾਸ਼ ਦੀ ਪੋਥੀ 7:14)। ਇਸ ਤੋਂ ਇਲਾਵਾ, ਨਵਾਂ ਨੇਮ ਕਿਆਮਤ ਦੇ ਦੋ ਅਧਾਰ ਦੱਸਦਾ ਹੈ। ਇਕ ਤਾਂ ਇਹ ਕਿ ਸਾਡਾ ਨਿਆਂ ਮਸੀਹ ਦੇ ਵਚਨ ਨਾਲ ਹੋਵੇਗਾ। ਯਿਸੂ ਨੇ ਕਿਹਾ, ''... ਜਿਹੜਾ ਵਚਨ ਮੈਂ ਕਿਹਾ ਓਹੀਓ ਅੰਤ ਦੇ ਦਿਨ ਉਸ ਨੂੰ ਦੋਸ਼ੀ ਠਹਿਰਾਵੇਗਾ'' (ਯੂਹੰਨਾ 12:48)। ਦੂਜਾ, ਸਾਡਾ ਨਿਆਂ ਸਾਡੇ ਅਮਲਾਂ ਨਾਲ ਹੁੰਦਾ ਹੈ। ''... ਹਰੇਕ ਜੋ ਕੁਝ ਉਸ ਨੇ ਦੇਹੀ ਵਿਚ ਕੀਤਾ ਭਵੇਂ ਭਲਾ ਭਾਵੇਂ ਬੁਰਾ ਆਪੋ ਆਪਣੀਆਂ ਕਰਨੀਆਂ ਦੇ ਅਨੁਸਾਰ ਉਹ ਦਾ ਫਲ ਭੋਗੇ'' (2 ਕੁਰਿੰਥੀਆਂ 5:10; ਤੁਲਨਾ ਪ੍ਰਕਾਸ਼ ਦੀ ਪੋਥੀ 20:12, 13; ਉਪਦੇਸ਼ਕ ਦੀ ਪੋਥੀ 12:14)। ਇਹ ਦੋ ਗੱਲਾਂ ਕਿਵੇਂ ਮੇਲ ਖਾਣਗੀਆਂ? ਸਾਡਾ ਨਿਆਂ ਮਸੀਹ ਦੇ ਵਚਨ ਨਾਲ ਸਾਡੇ ਅਮਲਾਂ ਮੁਤਾਬਿਕ, ਜਿਸ ਵਿਚ ਅਸੀਂ ਆਪਣੇ ਕੰਮਾਂ ਨਾਲ ਉਸ ਦੀਆਂ ਗੱਲਾਂ ਨੂੰ ਮੰਨਿਆ ਹੈ ਜਾਂ ਨਹੀਂ।

ਤਾਂ ਫਿਰ ਕਿਆਮਤ ਵੇਲੇ ਜੋ ਬ੍ਰਾਊਨ ਦਾ ਕੀ ਨਿਆਂ ਹੋਵੇਗਾ। ਉਹ ਨਿਆਂ ਅਸਲ ਵਿਚ ਰੋਜ਼ ਉਨ੍ਹਾਂ ਅਮਲਾਂ ਦੇ ਰਾਹੀਂ ਲਿਖਿਆ ਜਾ ਰਿਹਾ ਹੈ ਜਿਨ੍ਹਾਂ ਨੂੰ ਜੋ ਬ੍ਰਾਊਨ ਹਰ ਰੋਜ਼ ਕਰਦਾ ਹੈ। ਕਿਉਂਕਿ ਜੋ ਬ੍ਰਾਊਨ ਇਸ ਅਧਾਰ ਤੇ ਕਿ ਉਸ ਨੇ ਮਸੀਹ ਦੀ ਇੱਛਾ ਨੂੰ ਮੰਨਿਆ ਹੈ ਕਿ ਨਹੀਂ, ਉਸ ਦੇ ਪ੍ਰਭੂ ਦੀ ਗੱਲ ਨੂੰ ਮੰਨਣ ਜਾਂ ਨਾ ਮੰਨਣ ਨਾਲ ਹੀ ਤੈਅ ਹੋਵੇਗਾ ਕਿ ਉਹ ਨਿਆਂ ਵੇਲੇ ਬਚਾਇਆ ਜਾਵੇਗਾ ਜਾਂ ਨਹੀਂ। ਸੋ ਸਾਡਾ ਨਿਆਂ ਵੀ ਇਵੇਂ ਹੀ ਹੋਵੇਗਾ। ਸਾਡੇ ਨਿਰਦੋਸ਼ ਜਾਂ ਦੋਸ਼ੀ ਠਹਿਰਣ ਦਾ ਫ਼ੈਸਲਾ ਕਿਆਮਤ ਵੇਲੇ, ਇਸ ਅਧਾਰ ਤੇ ਹੋਵੇਗਾ ਕਿ ਰੋਜ਼ ਮਰੱਾ ਦੀ ਜ਼ਿੰਦਗੀ ਵਿਚ ਅਸੀਂ ਮਸੀਹ ਦੀ ਗੱਲ ਮੰਨ ਰਹੇ ਹਾਂ ਜਾਂ ਨਹੀਂ।

## ਜੋ ਬ੍ਰਾਊਨ ਅਨਾਦੀਕਾਲ ਵਿਚ

ਛੇਵਾਂ, ਜੋ ਬ੍ਰਾਊਨ ਦੇ ਅਨਾਦੀਕਾਲ ਵਿਚ ਹੋਣ ਤੇ ਵਿਚਾਰ।

ਜੋ ਬ੍ਰਾਊਨ ਨੂੰ ਅਨਾਦੀ ਕਾਲ ਵਿਚ ਕਿੱਥੇ ਰਹਿਣ ਦੀ ਥਾਂ ਮਿਲ ਸਕਦੀ ਹੈ? ਮੱਤੀ 25:46 ਕਹਿੰਦਾ ਹੈ: ''ਅਤੇ ਇਹ ਸਦੀਪਕ ਸਜ਼ਾ ਵਿਚ ਜਾਣਗੇ ਪਰ ਧਰਮੀ ਸਦੀਪਕ ਜੀਉਣ ਵਿਚ।''

ਜੋ ਬ੍ਰਾਊਨ ਅਤੇ ਸਾਡੇ ਲਈ ਦੋ ਹੀ ਸੰਭਾਵਨਾਵਾਂ ਹਨ: ਨਰਕ ਵਿਚ ਹਮੇਸ਼ਾ ਦੀ ਸਜ਼ਾ, ਜਾਂ ਸੁਰਗ ਵਿਚ ਹਮੇਸ਼ਾ ਦੀ ਜ਼ਿੰਦਗੀ। ਧਿਆਨ ਦਿਓ ਕਿ ਮੱਤੀ 25:46 ਵਿਚ ਦੋ ਸਮਾਨਤਾਵਾਂ ਹਨ ਜਿਨ੍ਹਾਂ ਤੋਂ ਸਾਨੂੰ ਇਹ ਨਿਚੋੜ ਕੱਢਣਾ ਚਾਹੀਦਾ ਹੈ ਕਿ ਦੋਵੇਂ ਹੀ ਅਸਲ ਅਤੇ ਹਮੇਸ਼ਾ ਤਕ ਰਹਿਣ ਵਾਲੀਆਂ ਹਨ। ਜੇ ਸੁਰਗ ਹਮੇਸ਼ਾ ਤਕ ਰਹੇਗਾ ਤਾਂ ਨਰਕ ਵੀ ਖ਼ਤਮ ਨਹੀਂ ਹੋਵੇਗਾ।

ਭਲਾ ਸੁਰਗ ਸਚਮੁਚ ਹੈ? 1969 ਵਿਚ ਸਿਡਨੀ ਮਾਰਨਿੰਗ ਹੈਰਲਡ ਵਿਚ ''ਇਜ਼ ਦੇਅਰ ਏ ਹੈਵਨ?'' ਨਾਮਕ ਲੇਖ ਛਪਿਆ। ਇਸ ਵਿਚ ''ਧਰਤੀ ਦੇ ਛੋਟੇ ਜਿਹੇ ਸਰਵੇਖਣ'' ਦੇ ਨਤੀਜਿਆਂ ਦਾ

ਹਵਾਲਾ ਦਿੱਤਾ ਗਿਆ ਹੈ ਜਿਨ੍ਹਾਂ ਵਿਚ ਸੁਰਗ ਬਾਰੇ ਕਈਆਂ ਦੇ ਵਿਚਾਰ ਦਿੱਤੇ ਗਏ ਹਨ।

> ... ਇਕ ਮਾਨਵਤਾਵਾਦੀ ਨੇ ਕਿਹਾ, ''ਅਸੀਂ ਸੁਰਗ ਅਤੇ ਨਰਕ ਤੇ ਵਿਚਾਰਾਂ ਨੂੰ ਨਕਾਰਦੇ ਹਾਂ। ਨਰਕ ਦੇ ਵਿਚਾਰ ਨੂੰ ਅਸੀਂ ਇਕ ਜ਼ਾਲਿਮ ਧਾਰਣਾ ਮੰਨਦੇ ਹਾਂ।'' ਇਕ ਰੱਬੀ ਨੇ ਕਿਹਾ ਕਿ ਸੁਰਗ ਇਕ ਇਲਾਹੀ ਵਿਚਾਰ ਹੈ। ਇਕ ਮੂਰਤੀਕਾਰ ਨੇ ਕਿਹਾ ਕਿ ਉਹ ਇਸ ਵਿਚਾਰ ਨਾਲ ਸੰਤੁਸ਼ਟ ਹੈ ਕਿ ਇਕ ਦਿਨ ਉਹ ਖ਼ਿਆਲਾਂ ਵਿਚ ਘੁੰਮੇਗਾ, ਪਰ ਉਸ ਨੂੰ ਕਿਸੇ ਹੋਰ ਯਕੀਨੀ ਗੱਲ ਵਿਚ ਜਾਣ ਦੀ ਉਮੀਦ ਸੀ। ... ਅਤੇ ਅਨਆਇਡੈਂਟੀਫ਼ਾਈਡ ਫ਼ਲਾਇੰਗ ਆਬਜੈਕਟ ਇਨਵੈਸਟੀਗੇਸ਼ਨ ਸੈਂਟਰ ਦੇ ਪ੍ਰਧਾਨ ਦਾ ਮੁਲਾਂਕਣ ਸੀ ਕਿ ਸੁਰਗ ਅਤੇ ਨਰਕ ਮਨੁੱਖ ਦੀ ਕਲਪਨਾ ਨਾਲ ਬਣਾਏ ਗਏ ਹਨ, ਪਰ ਅਸਲ ਵਿਚ ਇਸ ਨਾਲੋਂ ਕਿਤੇ ਵੱਧ ਵਿਕਸਿਤ ਦੁਨੀਆ ਹੋ ਸਕਦੀ ਹੈ।

ਲੋਕ ਜੋ ਵੀ ਸੋਚਣ, ਪਰ ਬਾਈਬਲ ਦੱਸਦੀ ਹੈ ਕਿ ਸੁਰਗ ਹੈ, ਅਤੇ ਇਹੀ ਖ਼ਾਸ ਗੱਲ ਹੈ।

ਭਲਾ ਨਰਕ ਸਚਮੁਚ ਹੈ? ਕੁਝ ਲੋਕ ਇਸ ਵਿਚਾਰ ਤੇ ਇਤਰਾਜ਼ ਕਰਦੇ ਹਨ ਕਿ ਨਰਕ ਅਬਦੀ ਸਜ਼ਾ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਨਰਕ ਤਾਂ ਸਿਰਫ਼ ਪਲਾਂ ਦੀ ਗੱਲ ਹੈ ਜੋ ਹਮੇਸ਼ਾ ਤਕ ਨਹੀਂ ਰਹੇਗੀ। ਉਨ੍ਹਾਂ ਮੁਤਾਬਿਕ ਦੁਸ਼ਟ ਲੋਕਾਂ ਦਾ ਨਾਸ ਹੋ ਜਾਂਦਾ ਹੈ, ਭਾਵ ਉਨ੍ਹਾਂ ਦਾ ਵਜੂਦ ਮਿਟ ਜਾਂਦਾ ਹੈ। ਪਰ ਬਾਈਬਲ ਇਹ ਨਹੀਂ ਦੱਸਦੀ ਕਿ ਦੁਸ਼ਟ ਲੋਕਾਂ ਦਾ ਵਜੂਦ ਮਿਟ ਜਾਵੇਗਾ। ਪ੍ਰਕਾਸ਼ ਦੀ ਪੋਥੀ 14:11 ਦੱਸਦਾ ਹੈ, ''ਅਤੇ ਉਨ੍ਹਾਂ ਦੇ ਕਸ਼ਟ ਦਾ ਧੂੰਆਂ ਜੁੱਗੋ ਜੁੱਗ ਉੱਠਦਾ ਰਹਿੰਦਾ ਹੈ। ਸੋ ਉਹ ... ਰਾਤ ਦਿਨ ਕਦੇ ਚੈਨ ਨਹੀਂ ਪਾਉਂਦਾ।''

ਕੋਈ ਇਤਰਾਜ਼ ਕਰਦਾ ਹੈ, ''ਇਹ ਤਾਂ ਬੜੀ ਜ਼ਿਆਦਤੀ ਹੈ। ਲੋਕ ਦੂਜਿਆਂ ਨੂੰ ਤਕਲੀਫ਼ ਨਹੀਂ ਦਿੰਦੇ। ਯਕੀਨਨ ਹੀ ਖ਼ੁਦਾ ਵੀ ਉਸ ਨੂੰ ਅਤੇ ਉਸ ਦੇ ਵਚਨ ਨੂੰ ਨਕਾਰਨ ਵਾਲਿਆਂ ਨੂੰ ਤਕਲੀਫ਼ ਨਹੀਂ ਦਏਗਾ।'' ਫੇਰ ਵਿਚਾਰ ਕਰੋ: ਖ਼ੁਦਾ ਦੁਸ਼ਟਾਂ ਨੂੰ ਸਜ਼ਾ ਕਿਉਂ ਨਾ ਦਏ? ਉਨ੍ਹਾਂ ਨੇ ਭਲੇ ਖ਼ੁਦਾ ਦੇ ਖ਼ਿਲਾਫ਼ ਪਾਪ ਕੀਤਾ ਹੈ। ਉਨ੍ਹਾਂ ਨੇ ਉਸ ਵੱਲੋਂ ਦਿੱਤੀ ਗਈ ਕੁਰਬਾਨੀ ਨੂੰ ਤੁੱਛ ਜਾਣਿਆ ਹੈ। ਉਨ੍ਹਾਂ ਨੇ ਜ਼ਿੰਦਗੀ ਭਰ ਬਗਾਵਤ ਕੀਤੀ। ਉਨ੍ਹਾਂ ਨੇ ਬਚਾਏ ਜਾਣ ਦੇ ਹਰ ਮੌਕੇ ਨੂੰ ਠੁਕਰਾਇਆ ਹੈ। ਉਨ੍ਹਾਂ ਨੇ ਨਾ ਮਿਟਣ ਵਾਲਾ ਪਾਪ ਕੀਤਾ ਹੈ, ਜੋ ਅਬਦੀ ਖ਼ੁਦਾ ਦੇ ਖ਼ਿਲਾਫ਼ ਹੈ ਅਤੇ ਇਸ ਕਰਕੇ ਉਨ੍ਹਾਂ ਨੂੰ ਨਾ ਮੁੱਕਣ ਵਾਲੀ ਸ਼ਜਾ ਮਿਲਣੀ ਹੀ ਚਾਹੀਦੀ ਹੈ।

ਨਰਕ ਕਿਹੋ ਜਿਹਾ ਹੈ? ਨਵਾਂ ਨੇਮ ਨਰਕ ਦਾ (ਹੋਰ ਗੱਲਾਂ ਨਾਲ) ਵਖਿਆਨ ਅੱਗ ਦੀ ਝੀਲ (ਪ੍ਰਕਾਸ਼ ਦੀ ਪੋਥੀ 20:15), ਭਖਦੇ ਭੱਠੇ ਅਤੇ ਕਚੀਚੀਆਂ ਵੱਟਣ ਦੀ ਥਾਂ (ਮੱਤੀ 13:42), ਤਕਲੀਫ਼ ਦੀ ਥਾਂ (ਲੂਕਾ 16:23), ਬਾਹਰ ਦਾ ਅੰਧਕੋਰ (ਮੱਤੀ 8:12), ਉਹ ਥਾਂ ਜਿੱਥੇ ਲੋਕ ਕਲਪਦੇ ਹਨ (ਲੂਕਾ 16:24), ਹਮੇਸ਼ਾ ਦੀ ਸਜ਼ਾ ਦੀ ਥਾਂ (ਮੱਤੀ 25:46), ਸ਼ੈਤਾਨ ਅਤੇ ਉਹਦੇ ਦੂਤਾਂ ਲਈ ਤਿਆਰ ਕੀਤੀ (ਮੱਤੀ 25:41), ਅਤੇ ਗੰਧਕ ਦੀ ਤਕਲੀਫ਼ ਵਾਲੀ ਥਾਂ (ਪ੍ਰਕਾਸ਼ ਦੀ ਪੋਥੀ 21:8) ਦੇ ਰੂਪ ਵਿਚ ਕਰਦਾ ਹੈ।

ਹਮੇਸ਼ਾ ਤਕ ਜੋ ਬ੍ਰਾਊਨ ਕਿੱਥੇ ਰਹੇਗਾ? ਜ਼ਾਹਿਰ ਹੈ ਕਿ ਜਾਂ ਤਾਂ ਉਹ ਸੁਰਗ ਵਿਚ ਹੋਵੇਗਾ ਜਾਂ ਫਿਰ ਨਰਕ ਵਿਚ। ਇਨ੍ਹਾਂ ਵਿੱਚੋਂ ਕਿਸੇ ਵੀ ਥਾਂ ਰਹਿਣਾ ਉਹਦੇ ਆਪਣੇ ਤੇ ਨਿਰਭਰ ਕਰਦਾ ਹੈ। ਜੇ ਉਹ ਮਸੀਹ ਦੀ ਖੁਸ਼ਖ਼ਬਰੀ ਨੂੰ ਮੰਨ ਕੇ ਮਸੀਹ ਦੇ ਲਹੂ ਦੇ ਰਾਹੀਂ ਬਚਾਏ ਜਾਣ ਨੂੰ ਮੰਨ ਲੈਂਦਾ ਹੈ ਅਤੇ ਆਪਣੀ ਜ਼ਿੰਦਗੀ ਖ਼ੁਦਾ ਦੀ ਇੱਛਾ ਨੂੰ ਪੂਰਾ ਕਰਨ ਦੀ ਭਾਲ ਵਿਚ ਲਾ ਦਿੰਦਾ ਹੈ, ਤਾਂ ਹਮੇਸ਼ਾ ਲਈ ਸੁਰਗ ਵਿਚ ਉਸ ਦਾ ਜਾਣਾ ਪੱਕਾ ਹੋ ਸਕਦਾ ਹੈ। ਪਰ ਜੇ ਉਹ ਪਾਪ ਵਿਚ ਸਿਰਫ਼ ਆਪਣੇ ਲਈ ਹੀ ਜੀਉਂਦਾ ਹੈ ਤਾਂ ਯਕੀਨੀ ਤੌਰ ਤੇ ਉਹ ਨਾਸ ਹੋਵੇਗਾ ਅਤੇ ਹਮੇਸ਼ਾ ਲਈ ਨਰਕ ਵਿਚ ਜਾਵੇਗਾ।

## ਸਾਰ

ਤੁਹਾਨੂੰ ਇਕ ਹੋਰ ਸਭ ਤੋਂ ਅਹਿਮ ਸਵਾਲ ਪੁੱਛਿਆ ਜਾ ਸਕਦਾ ਹੈ ਕਿ ਹਮੇਸ਼ਾ ਲਈ ਤੁਸੀਂ ਕਿੱਥੇ ਰਹੋਗੇ? ਦੋ ਹੀ ਸੰਭਾਵਨਾਵਾਂ ਹਨः ਜਾਂ ਤਾਂ ਸੁਰਗ ਵਿਚ ਜਾਂ ਫਿਰ ਨਰਕ ਵਿਚ। ਤੀਜਾ ਕੋਈ ਬਦਲ ਨਹੀਂ ਹੈ। ਉਸ ਤੋਂ ਅੱਗੇ ਅਸੀਂ ਆਪਣੇ ਭਵਿੱਖ ਬਾਰੇ ਉਹ ਕਹਿ ਸਕਦੇ ਹਾਂ ਜੋ ਜੋ ਬ੍ਰਾਊਨ ਬਾਰੇ ਕਿਹਾ ਗਿਆ ਹੈ ਕਿ ਇਹ ਤਾਂ ਤੁਹਾਡੇ ਤੇ ਨਿਰਭਰ ਹੈ। ਤੁਸੀਂ ਹੀ ਤੈਅ ਕਰ ਸਕਦੇ ਹੋ ਕਿ ਤੁਸੀਂ ਕਿੱਥੇ ਰਹੋਗੇ।

ਜੇ ਤੁਸੀਂ ਇੰਜੀਲ ਦੀ ਗੱਲ ਮੰਨ ਕੇ ਮਸੀਹ ਦੇ ਲਹੂ ਦੇ ਰਾਹੀਂ ਬਚਾਏ ਗਏ ਹੋ, ਅਤੇ ਆਪਣੀ ਜ਼ਿੰਦਗੀ ਉਸਦੀ ਮਰਜ਼ੀ ਪੂਰੀ ਕਰਨ ਲਈ ਬਿਤਾਉਂਦੇ ਹੋ, ਤਾਂ ਤੁਸੀਂ ਯਕੀਨ ਨਾਲ ਕਹਿ ਸਕਦੇ ਹੋ ਕਿ ਤੁਸੀਂ ਹਮੇਸ਼ਾ ਲਈ ਸੁਰਗ ਵਿਚ ਜਾਓਗੇ। ਪਰ ਜੇ ਤੁਸੀਂ ਪਾਪ ਵਿਚ ਬਣੇ ਰਹਿੰਦੇ ਹੋ ਤਾਂ ਤੁਹਾਡਾ ਨਾਸ ਹੋਣਾ ਅਤੇ ਹਮੇਸ਼ਾ ਲਈ ਨਰਕ ਵਿਚ ਜਾਣਾ ਪੱਕਾ ਹੈ। ਸੁਰਗ ਵਿਚ ਜਾਣਾ ਜਾਂ ਨਰਕ ਵਿਚ ਜਾਣਾ ਸਭ ਜੀਉਂਦੇ ਜੀ ਹੀ ਤੈਅ ਕੀਤਾ ਜਾ ਸਕਦਾ ਹੈ, ਉਹਦੇ ਬਾਅਦ ਕੁਝ ਵੀ ਨਹੀਂ!

ਇਕ ਰਾਤ ਖ਼ਾਬ ਵਿਚ ਮੈ ਕੜਾਕੇ ਦੀ ਠੰਡ ਵਿਚ ਜੰਗਲ ਵਿਚ ਦੀ ਇਕ ਬੀਆਬਾਨ ਰਾਹ ਤੇ ਕਾਰ ਚਲਾ ਰਿਹਾ ਸਾਂ। ਰਾਹ ਵਿਚ ਕੰਡਿਆਲੀ ਝਾੜੀ ਕੋਲ ਆਣ ਕੇ ਮੈਂ ਕਾਰ ਖੱਬੇ ਪਾਸੇ ਨੂੰ ਮੋੜ ਕੇ ਚੱਲਦਾ ਰਿਹਾ। ਰਸਤਾ ਤੰਗ ਤੋਂ ਤੰਗ ਅਤੇ ਮੁਸ਼ਕਿਲ ਤੋਂ ਮੁਸ਼ਕਿਲ ਹੁੰਦਾ ਜਾ ਰਿਹਾ ਸੀ ਅਤੇ ਅਖ਼ੀਰ ਬਿਲਕੁਲ ਬੰਦ ਹੋ ਗਿਆ। ਖ਼ਾਬ ਵਿਚ ਮੈਂ ਵੇਖਿਆ ਕਿ ਮੈਂ ਪਿੱਛੇ ਨੂੰ ਮੁੜਿਆ ਅਤੇ ਅਖ਼ੀਰ ਰਸਤੇ ਵਿਚ ਓਸੇ ਝਾੜੀ ਵੱਲ ਨੂੰ ਚਲਿਆ ਗਿਆ। ਅਚਾਨਕ, ਮੈਨੂੰ ਪਤਾ ਨਹੀਂ ਲੱਗ ਰਿਹਾ ਸੀ ਕਿ ਮੈਂ ਕਿੱਥੇ ਹਾਂ ਅਤੇ ਕਿੱਧਰ ਜਾ ਰਿਹਾ ਹਾਂ। ਮੈਂ ਬਿਲਕੁਲ ਘਬਰਾ ਗਿਆ। ਇਹ ਬੜਾ ਹੀ ਡਰਾਉਣਾ ਅਤੇ ਖੌਫ਼ਨਾਕ ਅਨੁਭਵ ਸੀ। ਮੇਰੀ ਨੀਂਦ ਖੁੱਲ੍ਹ ਗਈ ਪਰ ਮੈਨੂੰ ਉਹ ਖ਼ਾਬ ਨਹੀਂ ਭੁੱਲਿਆ।

ਬਹੁਤ ਸਾਰੇ ਲੋਕ ਇੱਥੋਂ ਬਾਰੇ ਪਹਿਲਾਂ ਤੋਂ ਹੀ ਮਨ ਬਣਾਈ ਰੱਖਦੇ ਹਨ ਕਿ ਇੱਥੋਂ ਦੇ ਬਾਅਦ ਕੁਝ ਨਹੀਂ ਸੋਚਦੇ। ਉਹ ਇਸ ਜ਼ਿੰਦਗੀ ਬਾਰੇ ਐਨਾ ਵੱਧ ਸੋਚਦੇ ਹਨ ਕਿ ਉਨ੍ਹਾਂ ਨੂੰ ਇਸ ਦੇ ਬਾਅਦ ਦੀ ਜ਼ਿੰਦਗੀ ਤੇ ਵਿਚਾਰ ਕਰਨ ਦਾ ਵਕਤ ਹੀ ਨਹੀਂ ਮਿਲਦਾ। ਸਮੇਂ ਤੇ ਉਨ੍ਹਾਂ ਦਾ ਧਿਆਨ ਐਨਾ ਹੁੰਦਾ ਹੈ ਕਿ ਉਨ੍ਹਾਂ ਨੂੰ ਅਨਾਦੀਕਾਲ ਦੀ ਕੋਈ ਪਰਵਾਹ ਨਹੀਂ ਹੁੰਦੀ। ਉਹ ਸਚਮੁਚ ਨਹੀਂ ਜਾਣਦੇ ਕਿ ਉਹ ਕਿੱਥੇ ਹਨ ਅਤੇ ਕਿੱਧਰ ਨੂੰ ਜਾ ਰਹੇ ਹਨ!

ਜੇ ਇਹ ਗੱਲ ਤੁਹਾਡੇ ਤੇ ਲਾਗੂ ਹੋ ਸਕਦੀ ਹੈ ਤਾਂ ਜੋ ਕੁਝ ਤਸੀਂ ਅੱਜ ਕਰ ਰਹੇ ਹੋ ਉਸ ਦੇ ਅਬਦੀ ਨਤੀਜਿਆਂ ਤੇ ਗੌਰ ਕਰੋ। ਇਹ ਯਕੀਨੀ ਬਣਾਓ ਕਿ ਤੁਹਾਡੀ ਜ਼ਿੰਦਗੀ ਅਜਿਹੀ ਹੋਵੇ ਕਿ ਤੁਹਾਨੂੰ ਪਤਾ ਲਗ ਸਕੇ ਕਿ ਤੁਸੀਂ ਸੁਰਗ ਵੱਲ ਨੂੰ ਨਹੀਂ ਜਾ ਰਹੇ ਹੋ।

---

ਟਿੱਪਣੀਆਂ

[1]ਕੰਪਲੀਟ ਲੈਕਚਰ ਆਫ਼ ਆਰ. ਜੀ. ਇੰਗਰਸੌਲ (ਸ਼ਿਕਾਗੋः ਜੇ. ਰੇਗਨ ਐਂਡ ਕੰ., ਪੰਨਾ ਰਹਿਤ), 60.